*

## ਐਸ.ਸੀ.ਓ.ਪੀ(ਡੀ)-2 ਡਾ: ਬੀ.ਆਰ. ਅੰਬੇਡਕਰ ਭਵਨਾਂ ਦੀ ਉਸਾਰੀ

### (ਰਾਜ ਯੋਜਨਾ ਸਕੀਮ)

**ਉਦੇਸ਼**

ਭਾਰਤ ਰਤਨ ਬਾਬਾ ਸਾਹਿਬ ਡਾ: ਬੀ.ਆਰ.ਅੰਬੇਡਕਰ ਜੀ ਦੇ ਜਨਮ ਦਿਨ ਨੂੰ ਯਾਦਗਾਰ ਬਣਾਉਣ ਲਈ ਪੰਜਾਬ ਸਰਕਾਰ ਨੇ ਹਰ ਇੱਕ ਜਿਲ੍ਹਾ ਹੈੱਡ ਕੁਆਟਰ ਤੇ ਅੰਬੇਡਕਰ ਭਵਨ ਬਣਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਗਰੀਬ ਲੋਕਾਂ ਨੂੰ ਇੱਕ ਛੱਤ ਹੇਠ ਹੀ ਸਹੂਲਤਾਂ ਮਿਲਣ।

**ਸ਼ੁਰੂ ਕਰਨ ਦਾ ਸਾਲ**

ਇਹ ਸਕੀਮ ਸਾਲ 1990-91 ਤੋਂ ਸ਼ੁਰੂ ਕੀਤੀ ਗਈ ਸੀ।

ਜਿਲ੍ਹਾ ਰੋਪੜ੍ਹ, ਫਿਰੋਜ਼ਪੁਰ, ਮੋਗਾ, ਪਟਿਆਲਾ, ਗੁਰਦਾਸਪੁਰ, ਬਠਿੰਡਾ, ਫਰੀਦਕੋਟ, ਸੰਗਰੂਰ, ਫਤਹਿਗੜ੍ਹ ਸਾਹਿਬ, ਕਪੂਰਥਲਾ, ਸ਼੍ਰੀ ਮੁਕਤਸਰ ਸਾਹਿਬ, ਮਾਨਸਾ, ਲੁਧਿਆਣਾ ਅਤੇ ਨਵਾਂ ਸ਼ਹਿਰ ਵਿੱਚ ਭਵਨਾਂ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਗਿਆ ਹੈ। ਜਿਲ੍ਹਾ ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਜਲੰਧਰ ਵਿੱਚ ਉਸਾਰੀ ਦਾ ਕੰਮ ਚਲ ਰਿਹਾ ਹੈ ਜਦੋਂਕਿ ਐਸ.ਏ.ਐਸ. ਨਗਰ, ਤਰਨ-ਤਾਰਨ, ਬਰਨਾਲਾ, ਫਾਜ਼ਿਲਕਾ ਅਤੇ ਪਠਾਨਕੋਟ ਵਿੱਚ ਭਵਨਾਂ ਦੀ ਉਸਾਰੀ ਲਈ ਜ਼ਮੀਨ ਅਲਾਟ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਡਿਪਟੀ ਕਮਿਸ਼ਨਰ, ਮੋਗਾ ਨੇ ਅੰਬੇਦਕਰ ਭਵਨ ਦੀ ਜ਼ਮੀਨ ਦੀ ਕੀਮਤ ਵਜੋਂ 11.78 ਲੱਖ ਰੁਪਏ ਦੀ ਮੰਗ ਕੀਤੀ ਹੈ।

ਉਸਾਰੇ ਗਏ 14 ਡਾ: ਬੀ.ਆਰ. ਅੰਬੇਦਕਰ ਭਵਨਾਂ ਵਿੱਚੋਂ 7 (ਸੱਤ) ਭਵਨਾਂ (ਬਠਿੰਡਾ, ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਕਪੂਰਥਲਾ, ਰੋਪੜ੍ਹ, ਮਾਨਸਾ ਅਤੇ ਨਵਾਂ ਸ਼ਹਿਰ) ਦਾ ਕੰਮ ਫੰਡਾਂ ਦੀ ਘਾਟ ਕਾਰਨ ਮੁਕੰਮਲ ਨਹੀਂ ਹੋ ਸਕਿਆ। 15 ਭਵਨਾਂ (ਉਸਾਰੀ/ਉਸਾਰੀ ਅਧੀਨ/ਉਸਾਰੇ ਜਾਣ ਵਾਲੇ) ਲਈ 15.00 ਲੱਖ ਰੁਪਏ ਹਰੇਕ ਭਵਨ ਲਈ ਰੱਖੇ ਜਾਣ ਦੀ ਤਜਵੀਜ਼ ਹੈ। ਸਾਲ 2013-14 ਲਈ 2770.00 ਲੱਖ ਰੁਪਏ (Revenue 225.00 + Capital 2545.00) ਦੀ ਰਕਮ ਰੱਖੀ ਗਈ ਹੈ।

ਰਾਜ ਸਰਕਾਰ ਨੇ ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ, ਲੁਧਿਆਣਾ ਦੀ ਇੱਕ ਏਕੜ ਜਮੀਨ ਤੇ ਡਾ: ਬੀ.ਆਰ.ਅੰਬੇਦਕਰ ਭਵਨ-ਕਮ-ਟ੍ਰੇਨਿੰਗ ਐਂਡ ਰੀਸਰਚ ਸੈਂਟਰ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਮੰਤਵ ਲਈ ਜਮੀਨ ਵੀ ਭਲਾਈ ਵਿਭਾਗ ਦੇ ਨਾਂ ਸਰਕਾਰੀ ਰੇਟ ਤੇ ਕਰ ਦਿੱਤੀ ਗਈ ਹੈ। ਐਗਰੋ ਇੰਡਸਟਰੀਜ ਕਾਰਪੋਰੇਸ਼ਨ ਵੱਲੋਂ ਇਸ ਜਮੀਨ ਦੀ ਕੀਮਤ ਵਜੋਂ 919.60 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ।